Ph. no. :- 01765-505368
Email :- mcgvg@ymail.com
GST No. :- 03AAAAM4600R1ZM

# MUNICIPAL COUNCIL GOBINDGARH

## Fatehgarh Sahib (Punjab)

## ਮਿਉਂਸਪਲ ਕੌਂਸਲ, ਗੋਬਿੰਦਗੜ੍ਹ (ਫਤਿਹਗੜ੍ਹ ਸਾਹਿਬ) ਪੰਜਾਬ

Ref. no. ...2472/2... Dated ...31/08/2021

### ਪਬਲਿਕ ਨੋਟਿਸ

ਨਗਰ ਕੌਂਸਲ ਗੋਬਿੰਦਗੜ੍ਹ ਵਲੋਂ ਸਰਕਾਰ ਦੁਆਰਾ ਕੰਟਰੈਕਟ ਤੇ ਭਰਤੀ ਕਰਨ ਲਈ ਪ੍ਰਵਾਨਤ ਅਸਾਮੀਆਂ ਵਿਰੁੱਧ ਕਿਰਤ ਵਿਭਾਗ ਪੰਜਾਬ ਵਲੋਂ ਸਮੇਂ-ਸਮੇਂ ਨਿਰਧਾਰਿਤ ਲੇਬਰ ਰੇਟ (ਡੀ.ਸੀ. ਰੇਟ) ਦੀ ਅਦਾਇਗੀ ਤੇ ਠੇਕਾ ਆਧਾਰ ਤੇ 206 ਸਫਾਈ ਸੇਵਕਾਂ ਅਤੇ 52 ਸੀਵਰਮੈਨਾਂ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 21-09-2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿੱਚ ਬਿਨੈ-ਪੱਤਰਾ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਸਫਾਈ ਕਰਮਚਾਰੀਆਂ ਅਤੇ ਸੀਵਰਮੈਨਾਂ ਦੀ ਭਰਤੀ ਪੰਜਾਬ ਮਿਊਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ। ਚਾਹਵਾਨ ਉਮੀਦਵਾਰ ਮਿਤੀ 21-09-2021 ਤੱਕ ਰਜਿਸਟਰਡ ਡਾਕ ਰਾਹੀ ਜਾਂ ਦਸਤੀ ਤੌਰ ਤੇ ਬਿਨੈ-ਪੱਤਰ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਕੌਂਸਲ ਗੋਬਿੰਦਗੜ੍ਹ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ-ਪੱਤਰਾਂ ਤੇ ਗੌਰ ਨਹੀਂ ਕੀਤਾ ਜਾਵੇਗਾ। ਉਮੀਦਵਾਰ ਵਲੋਂ ਬਿਨੈ-ਪੱਤਰ ਵਿੱਚ ਦਰਜ ਦਸਤਾਵੇਜਾਂ ਦੀਆਂ ਸਵੈ ਤਸਦੀਕ ਕਾਪੀਆਂ ਨਾਲ ਨੱਥੀ ਕੀਤੀਆਂ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ ਵਿਰੁੱਧ ਕੋਈ ਵੀ ਫੌਜਦਾਰੀ ਕੇਸ ਨਾ ਚੱਲ ਰਹੇ ਹੋਣ ਸਬੰਧੀ ਸਵੈ-ਘੋਸ਼ਣਾ ਵੀ ਨਾਲ ਨੱਥੀ ਕੀਤੀ ਜਾਵੇ।

| ਅਸਾਮੀ ਦਾ ਨਾਮ | ਅਸਾਮੀਆਂ ਦੀ ਗਿਣਤੀ | ਤਨਖਾਹ ਸਕੇਲ | ਵਿਦਿੱਅਕ ਯੋਗਤਾ | ਉਮਰ (ਮਿਤੀ 01-01-2021 ਤੱਕ) |
|---|---|---|---|---|
| ਸਫ਼ਾਈ ਸੇਵਕ | 206 | ਕਿਰਤ ਵਿਭਾਗ ਪੰਜਾਬ/ਡਿਪਟੀ ਕਮਿਸ਼ਨਰ ਜੀ ਵੱਲੋਂ ਸਮੇਂ-ਸਮੇਂ ਤੇ ਨਿਰਧਾਰਿਤ ਕੀਤੇ ਲੇਬਰ ਰੇਟ | ਉਮੀਦਵਾਰ ਨੂੰ ਪੜਨ ਲਿਖਣ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ (Literate) | ਉਮਰ 18 ਤੋਂ 37 ਸਾਲ ਤੱਕ |
| ਸੀਵਰਮੈਨ | 52 | | | |

ਨੋਟ:-

1) ਚਾਹਵਾਨ ਉਮੀਦਵਾਰ ਦੀ ਉਮਰ ਮਿਤੀ 01-01-2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਮਰ ਵਿਚ ਬਣਦੀ ਛੋਟ ਦਿੱਤੀ ਜਾਵੇਗੀ।
2) ਸਰਕਾਰ ਦੀ ਹਦਾਇਤਾਂ ਅਨੁਸਾਰ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀਆਂ ਨਿਯੁਕਤੀਆਂ ਲਈ ਸਥਾਨਕ ਸਰਕਾਰ ਵਿਭਾਗ ਵਿੱਚ ਘੱਟ ਤੋਂ ਘੱਟ 3 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਤਜਰਬੇ ਦੇ ਅਰਸੇ (Length of experience) ਦੇ ਆਧਾਰ ਤੇ (weightage) ਦਿੱਤੀ ਜਾਵੇ।
3) ਉਮੀਦਵਾਰ ਸਰੀਰਕ ਤੌਰ ਤੇ ਹਰ ਤਰ੍ਹਾਂ ਤੰਦਰੁਸਤ ਹੋਣਾ ਚਾਹੀਦਾ ਹੈ।
4) ਨਗਰ ਕੌਂਸਲ ਗੋਬਿੰਦਗੜ੍ਹ ਵਲੋਂ ਨਿਯੁਕਤੀ ਕੀਤੇ ਜਾ ਰਹੇ ਸਫਾਈ ਸੇਵਕ ਅਤੇ ਸੀਵਰਮੈਨ ਤੋਂ ਸਫਾਈ/ਸੀਵਰ ਦੇ ਕੰਮ, ਨਾਲੇ-ਨਾਲੀਆਂ ਦੀ ਸਫਾਈ, ਘਰਾਂ ਵਿਚੋਂ ਗਿੱਲਾ ਤੇ ਸੁੱਕਾ ਕੂੜਾ ਅਲੱਗ-ਅਲੱਗ ਚੁੱਕਣ ਦੇ ਕੰਮ ਅਤੇ ਮਾਲੀ/ਬੇਲਦਾਰ/ਕੁਲੀ ਦਾ ਕੰਮ ਵੀ ਲਿਆ ਜਾ ਸਕਦਾ ਹੈ।
5) ਭਰਤੀ ਸਰਕਾਰ ਦੀਆਂ ਰਾਖਵਾਂਕਰਨ ਸਬੰਧੀ ਹਦਾਇਤਾਂ (ਰੋਸਟਰ) ਅਨੁਸਾਰ ਹੋਵੇਗੀ। ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ।
6) ਸਰਕਾਰ ਦੀਆਂ ਹਦਾਇਤਾਂ/ਪ੍ਰਸ਼ਾਸਕੀ ਕਾਰਨਾਂ ਕਰਕੇ ਅਸਾਮੀਆਂ ਦੀ ਗਿਣਤੀ ਵਧਾਈ/ਘਟਾਈ ਜਾ ਸਕਦੀ ਹੈ। ਇਸ ਸਬੰਧੀ ਸੂਚਨਾ ਵੈਬਸਾਈਟ ਤੇ ਅਪਲੋਡ ਕੀਤੀ ਜਾਵੇਗੀ।
7) ਉਮੀਦਵਾਰ ਕਾਊਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ, ਤਜ਼ਰਬੇ ਸਬੰਧੀ ਅਤੇ ਰਾਖਵਾਂਕਰਨ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕ ਸ਼ੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਕਾਊਂਸਲਿੰਗ ਵਿੱਚ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ ਅਦਾ ਨਹੀਂ ਕੀਤਾ ਜਾਵੇਗਾ।

ਪ੍ਰਧਾਨ,
ਨਗਰ ਕੌਂਸਲ, ਗੋਬਿੰਦਗੜ੍ਹ।

ਕਾਰਜ ਸਾਧਕ ਅਫ਼ਸਰ,
ਨਗਰ ਕੌਂਸਲ, ਗੋਬਿੰਦਗੜ੍ਹ।

# ਦਫ਼ਤਰ ਨਗਰ ਕੌਂਸਲ ਗੋਬਿੰਦਗੜ੍ਹ (ਜ਼ਿਲ੍ਹਾ ਫਤਹਿਗੜ੍ਹ ਸਾਹਿਬ)

**ਕੰਨਟਰੈਕਟ ਬੇਸ ਤੇ ਸਫਾਈ ਸੇਵਕ/ਸੀਵਰਮੈਨ ਦੀ ਅਸਾਮੀ ਲਈ ਬਿਨੈ-ਪੱਤਰ ਲਈ ਪ੍ਰੋਫਾਰਮਾ**

| | | | |
|---|---|---|---|
| 1 | ਅਸਾਮੀ ਦਾ ਨਾਮ | | **ਬਿਨੈਕਾਰ ਦੀਆ 2 ਤਸਦੀਕਸ਼ੁਦਾ ਫੋਟੋਆ ਨੱਥੀ ਕੀਤੀਆ ਜਾਣ।** |
| 2 | ਉਮੀਦਵਾਰ ਦਾ ਨਾਮ | | |
| 3 | ਪਿਤਾ/ਪਤੀ ਦਾ ਨਾਮ | | |
| 4 | 1)ਮਿਤੀ 01.01.2021 ਨੂੰ ਉਮਰ ਸਬੰਧੀ ਜਨਮ ਸਰਟੀਫਿਕੇਟ ਨੱਥੀ ਕਰੋ। ਜਨਮ ਸਰਟੀਫਿਕੇਟ ਉਪਲਬਧ ਨਾ ਹੋਣ ਦੀ ਸੂਰਤ ਵਿਚ ਉਮਰ ਸਬੰਦੀ ਹਲਫੀਆ ਬਿਆਨ ਨੱਥੀ ਕਰੋ<br>2) ਜਨਮ ਸਰਟੀਫਿਕੇਟ ਨਾ ਉਪਲਬਧ ਹੋਣ ਦੀ ਸੂਰਤ ਵਿਚ ਅਪਣੇ ਪਰਿਵਾਰ ਦੇ ਕਿਸੇ ਵੀ ਮੈਂਬਰ ਦਾ ਜਨਮ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ।<br>3) ਪ੍ਰਸੋਨਲ ਪਾਲਿਸੀ-1 ਸ਼ਾਖਾ ਦੇ ਪੱਤਰ ਨੰ:9/56/2020-5PP1/33 ਮਿਤੀ 12.01.2021 ਰਾਂਹੀ ਛੋਟ ਦਿੱਤੀ ਜਾਵੇਗੀ) | | |
| 5 | ਘਰ ਦਾ ਪੱਕਾ ਪਤਾ | | |
| 6 | ਪੱਤਰ ਵਿਵਹਾਰ ਲਈ ਪਤਾ | | |
| 7 | ਟੈਲੀਫੋਨ ਨੰਬਰ/ਮੋਬਾਇਲ ਨੰਬਰ | | |
| 9 | ਕੈਟਾਗਿਰੀ (ਰਿਜ਼ਰਵੇਸ਼ਨ ਲਈ ਸਬੰਧਤ ਕੈਟਾਗਰੀ ਦੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ) | | |
| 10 | ਕੌਮੀਅਤ (Nationality) | | |
| 11 | ਪੰਜਾਬ ਰੈਜੀਡੈਂਸ ਹੋਣ ਸਬੰਧੀ ਪੰਜਾਬ ਰੈਜੀਡੈਂਸ ਸਰਟੀਫਿਕੇਟ/ਅਧਾਰ ਕਾਰਡ/ਵੋਟਰ ਕਾਰਡ/ ਜਾਂ ਹੋਰ ਸਰਕਾਰੀ ਦਸਤਾਵੇਜ ਦੀ ਸਵੈ ਤਸਦੀਕ ਕਾਪੀ | | |
| 12 | ਵਿਦਿੱਅਕ ਯੋਗਤਾ:- | | |

| | ਪਾਸ ਪ੍ਰੀਖਿਆ ਦਾ ਨਾਮ | ਬੋਰਡ/ ਯੂਨੀਵਰਸਿਟੀ | ਪ੍ਰੀਖਿਆ ਪਾਸ ਕਰ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾ ਦੀ ਪ੍ਰਤੀਸ਼ਤ |
|---|---|---|---|---|---|---|
| | | | | | | |
| | | | | | | |

| | | |
|---|---|---|
| 13 | ਕੀ ਪੰਜਾਬੀ ਪੜ੍ਹ-ਲਿਖ ਸਕਦਾ ਹੈ (ਹਾਂ/ਨਹੀਂ) | |
| 14 | ਤਜ਼ੁਰਬੇ ਸਬੰਧੀ ਵੇਰਵਾ | |
| | 1) ਕਿਸੇ ਸਰਕਾਰੀ ਜਾਂ ਅਰਧ ਸਰਕਾਰੀ ਵਿਭਾਗ ਵਿਚ ਸਫਾਈ ਸੇਵਕ/ਸੀਵਰਮੈਨ ਦੇ ਤਜ਼ੁਰਬੇ ਦੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ<br>2) ਈ.ਪੀ.ਐਫ ਨੰਬਰ (ਜੇਕਰ ਹੈ ਤਾਂ)<br>3) ਸੈਲਰੀ ਅਕਾਊਂਟ (ਬੈਂਕ ਡਿਟੇਲ) | |
| 15 | ਫੋਜਦਾਰੀ ਕੇਸ ਨਾ ਚੱਲਣ ਸਬੰਧੀ ਸਵੈ-ਘੋਸ਼ਣਾ ਨੱਥੀ ਕਰੋ। | |

**ਸਵੈ ਘੋਸ਼ਣਾ**

ਮੈਂ........................................................ਪੁੱਤਰ/ਪੁਤਰੀ/ਪਤਨੀ ..........................................ਉਮਰ ...................... ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ/ਦੀ ਪੱਕਾ/ਪੱਕੀ ਵਸਨੀਕ ਹਾਂ। ਮੇਰੇ ਖਿਲਾਫ ਕੋਈ ਵੀ ਫੋਜਦਾਰੀ ਕੇਸ ਨਹੀਂ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾਂ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ। ਇਨ੍ਹਾਂ ਵਿਚ ਮੈਂ ਕੋਈ ਤੱਤ ਲੁਕਾਇਆ ਨਹੀ ਹੈ। ਜੇਕਰ ਮੇਰੇ ਵਲੋਂ ਦਿੱਤੀ ਗਈ ਸੂਚਨਾਂ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ ਹੋਵੇਗੀ।

**ਮਿਤੀ..............................**

**ਸਥਾਨ............................**

**ਉਮੀਦਵਾਰ ਦੇ ਹਸਤਾਖਰ**